International Journal of Information Movement Vol.I Issue II (June 2016)
Website: ijim.in ISSN: 2456-0553 (online) Pages 66-70

# ਪੰਜਾਬੀ ਵਾਰਤਕ ਦਾ ਸੰਖੇਪ ਪਿਛੋਕੜ ਅਤੇ ਇਸ ਪ੍ਰੰਸਗ ਵਿਚ ਦੀਵਾਨ ਸਿੰਘ ਕਾਲੇਪਾਣੀ ਦੀ ਦੇਣ

**Dr.Beant Kaur**
Principal, Shivalik Girls College, Bhucho Mandi
(Former Retd. Associate Professor,
D.A.V College, Bathinda)
Email: beantsidhu933@gmail.com

ਇੱਕ ਵਾਰਤਕਕਾਰ ਦੀ ਸ਼ਖ਼ਸੀਅਤ ਪਹਿਲਾ ਇੱਕ ਡੂੰਘੀ ਵਿਦਵਤਾ ਦੀ ਮੰਗ ਕਰਦੀ ਹੈ ਤੇ ਫਿਰ ਮੋਲਿਕਤਾ ਦੀ । ਇੱਕ ਵਿਦਵਾਨ ਸ਼ਖ਼ਸੀਅਤ ਵਿੱਚ ਹੀ ਸ਼ਬਦਾਂ ਨਾਲ ਜੁਝਣ ਦੀ ਸ਼ਕਤੀ ਆਉਂਦੀ ਹੈ ।ਇਹਨਾਂ ਸ਼ਬਦਾਂ ਨਾਲ ਹੀ ਉਹ ਆਪਣੀ ਆਤਮਾ ਵਾ ਪ੍ਰਭਾਵ ਆਪਣੀ ਰਚਨਾ ਵਿੱਚ ਸਮੇਟਦਾ ਹੈ ।

ਹਰ ਸ਼ਖ਼ਸੀਅਤ ਦਾ ਪ੍ਰਭਾਵ ਉਸ ਦੀ ਸ਼ੈਲੀ ਤੇ ਹੈ, ਲਿਖਾਰੀ ਦੀ ਸ਼ਖ਼ਸੀਅਤ ਦੂਜੈ ਨਾਲੋਂ ਵੱਖਰਤਾ ਤੇ ਭਿੰਨਤਾ ਵਾਲੀ ਹੈ । ਜਿੰਨੀ ਵੀ ਕਿਸੇ ਲਿਖਾਰੀ ਦੀ ਸ਼ਖ਼ਸੀਅਤ ਪ੍ਰਭਾਵਸ਼ਾਲੀ ਤੇ ਯੋਗਤਾ ਵਾਲੀ ਹੋਵੇਗੀ , ਉੰਨੀ ਹੀ ਸ਼ੈਲੀ ਵੀ ਉੱਚਤਾ ਤੇ ਯੋਗਤਾ ਭਰਪੂਰ ਹੋਏਗੀ । ਹਰ ਲੇਖਕ ਦੀ ਸ਼ੈਲੀ ਵਿਚੋਂ ਉਸ ਦੀ ਸ਼ਖ਼ਸੀਅਤ ਉਮਲ੍ਹ ਉਮਲ੍ਹ ਪੈਂਦੀ ਹੈ।ਇਕ ਮਹਾਨ ਸ਼ੈਲੀ ਦੇ ਪਿਛਕੋੜ ਪਿਛੇ ਇੱਕ ਮਹਾਨ ਸ਼ਖ਼ਸੀਅਤ ਹੁੰਦੀ ਹੈ । ਇੱਕ ਵਾਰਤਕ ਲਿਖਾਰੀ ਦਾ ਆਪਾ ਪ੍ਰਭਿਗਾਸ਼ੀਲ ਹੋਣਾ ਜ਼ਰੂਰੀ ਹੁੰਦਾ ਹੈ।ਇਕ ਨਿਰਮਲ ਸ਼ਖ਼ਸੀਅਤ ਹੀ ਇਕ ਨਿਰਮਲ ਰਚਨਾ ਦਾ ਉਤਪਾਦਨ ਕਰ ਸਕਦੀ ਹੈ।

ਨਤੀਜੇ ਵਜੋਂ ਇਕ ਸ਼੍ਰੇਸ਼ਟ ਪੁਸਤਕ ਦਾ ਜਨਮ ਉਸ ਦੇ ਲੇਖਕ ਦਿਲ ਤੇ ਦਿਮਾਗ ਦੀ ਕ੍ਰਿਆ ਦੇ ਸਿੱਟੇ ਵਜੋਂ ਹੀ ਹੁੰਦਾ ਹੈ । ਇਹ ਉਸ ਦੀ ਪੁਸਤਕ ਦੇ ਪੰਨਿਆਂ ਰਾਹੀਂ ਆਤਮ – ਅਭਿਵਿਅਕਤ ਹੁੰਦੀ ਹੈ ।ਇਨ੍ਹਾਂ ਪੰਨਿਆਂ ਦੀ ਲੇਖਕ ਦੇ ਜੀਵਨ ਨਾਲ ਸਾਂਝ ਹੁੰਦੀ ਹੈ ਅਤੇ ਇਹੀ ਉਸ ਦੇ ਅਸਲ ਵਿਅਕਤਿਤਵ ਦੀ ਸੁਚੱਜੀ ਤਸਵੀਰ ਹੁੰਦੀ ਹੈ ।

............................

ਸਮੁੱਚੇ ਸੰਸਾਰ ਸਾਹਿਤ ਤੇ ਨਜਰ ਮਾਰਿਆ ਪਤਾ ਲਗਦਾ ਹੈ ਕਿ ਪਹਿਲੋਂ ਪਹਿਲ ਮਨੁੱਖ ਨੇ ਆਪਣੇ ਮਨੋਭਾਵਾਂ, ਵਿਚਾਰਾਂ ਨੂੰ ਕਵਿਤਾ ਰਾਹੀਂ ਹੀ ਅਭਿਵਿਅਕਤ ਕੀਤਾ । ਹਰ ਬੋਲੀ ਵਿਚ ਸਭ ਤੋਂ ਪਹਿਲੀਆਂ ਸਾਹਿਤਕ ਰਚਨਾਵਾਂ ਕਵਿਤਾ ਵਿੱਚ ਹੀ ਹਨ । ਪੰਜਾਬੀ ਸਾਹਿਤ ਵਿਚ ਵਾਰਤਕ ਦੇ ਕਵਿਤਾ ਨਾਲੋਂ ਪਿਛੋਂ ਆਉਣ ਦੇ ਕਈ ਕਾਰਣ ਹਨ । ਜ਼ਜ਼ਬੇ ਜ਼ਾਂ ਵਲਵਲੇ ਦੀ ਪ੍ਰਧਾਨਤਾ ਕਰਕੇ ਕਵਿਤਾ ਲਈ ਉਨੇ ਸੁਲਝੇ ਤੇ ਉੱਨਤ ਦਿਮਾਗ ਦੀ ਲੋੜ ਨਹੀਂ ਹੁੰਦੀ ਜਿੰਨੀ ਵਾਰਤਕ ਵਾਸਤੇ ਹੁੰਦੀ ਹੈ ।ਪੰਜਾਬ ਵਿਚ ਮੁਢੋਂ ਹੀ ਬਾਹਰ ਦੇ ਜਰਵਾਣਿਆਂ ਦੇ ਹੱਲੇ ਹੁੰਦੇ ਰਹੈ ਹਨ ।ਇਹਨਾਂ ਹੱਲਿਆਂ ਵਿਚ ਹਮੇਸ਼ਾਂ ਹੀ ਇਹ ਡਰ ਬਣਿਆ ਰਹਿੰਦਾ ਸੀ ਕਿ ਕਿਧਰੇ ਰਚਨਾਵਾਂ ਤਬਾਹ ਨਾ ਹੋ ਜਾਣ । ਕੁਝ ਲਿਖਣ–ਸਾਮਗਰੀ ਦੀ ਘਾਟ ਕਾਰਣ

ਲਿਖਣ ਦੀ ਪਰੰਪਰਾ ਦੀ ਅਣ ਹੋਣ ਕਾਰਣ ਰਚਨਾਵਾ ਨੂੰ ਯਾਦ ਰਖਣ ਲਈ ਸਾਹਿਤਕਾਰ ਮਜ਼ਬੂਰ ਸਨ । ਬਝੱਵੇਂ ਤੋਲ ਕਾਰਣ ਕਵਿਤਾ ਨੂੰ ਯਾਦ ਰਖਣਾ ਵੀ ਐਖਾ ਸੀ ।

ਸਮੇਂ ਦੇ ਚੱਕਰ ਨਾਲ ਨਵੇਂ ਵਿਚਾਰ ਪੁੰਗਰਦੇ ਰਹੇ, ਚੇਤਨਤਾ ਦਾ ਫੈਲਾਅ ਵਧਦਾ ਰਿਹਾ ਤੇ ਇਸੈ ਫੈਲਾਅ ਕਾਰਣ ਵਾਰਤਕ ਹੋਂਦ ਵਿਚ ਆਈ । ਪੰਜਾਬੀ ਸਾਹਿਤ , ਭਾਸ਼ਾ ਤੇ ਲਿਪੀ ਦਾ ਇਤਿਹਾਸ ਇੱਕ ਹਜ਼ਾਰ ਸਾਲ ਪੁਰਾਣਾ ਹੈ। ਪੰਜਾਬੀ ਵਾਰਤਕ ਦਾ ਮੁੱਢ ਤੇਰ੍ਹਵੀਂ ਸਦੀ ਈਸਵੀ ਤੋਂ ਵੀ ਪਹਿਲਾਂ ਬੱਝ ਚੁੱਕਾ ਸੀ। ਨਾਥਾਂ ਜੋਗੀਆਂ ਨੇ ਆਪਣੇ ਪਦਾਂ ਤੇ ਬਚਨਾਂ ਰਾਹੀਂ ਪੰਜਾਬੀ ਦਾ ਰੂਪ ਨਿਖਾਰਿਆ। ਪੂਰਵ ਨਾਨਕ ਕਾਲ ਵਿਚ ਦੂਜੀ ਵਿਚਾਰਧਾਰਾ ਸੂਫੀਆਂ,ਦਰਵੇਸ਼ਾਂ,ਫਕੀਰਾਂ ਦੇ ਸੁਖਨਾਂ, ਬਚਨਾਂ ਆਦਿ ਦੁਆਰਾ ਰੂਪਮਾਨ ਹੋਈ। ਪੁਰਾਤਨ ਵਾਰਤਕ ਦੇ ਲਿਖਤੀ ਨਮੂਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਹਨ ।

ਜਨਮ-ਸਾਖੀ ਪਿਛੋਂ ਭਾਈ ਪੈੜੇ ਮੋਖੇ ਵਾਲੀ ਜਨਮ-ਸਾਖੀ , ਭਗਤ ਕਬੀਰ ਜੀ ਦੀ ਜਨਮ-ਸਾਖੀ ਆਦਿ ਹੋਂਦ ਵਿਚ ਆਈਆਂ। ਇਨ੍ਹਾਂ ਜਨਮ-ਸਾਖੀਆਂ ਦੇ ਨਾਲ ਨਾਲ ਗੋਸ਼ਟਾਂ ਤੇ ਟੀਕੇ ਵੀ ਰਚੇ ਗਏ । ਗੋਸ਼ਟਾਂ ਪ੍ਰਸ਼ਨੋਤਰੀ ਢੰਗ ਵਿੱਚ ਰਚੀਆਂ ਗਈਆਂ । ਗੋਸ਼ਟਾਂ ਵਿੱਚ ਬ੍ਰਿਤਾਂਤ ਤੇ ਵਿਆਖਿਆ ਵੀ ਮਿਲਦੀ ਹੈ। ਜਨਮ ਸਾਖੀਆਂ ਦੀ ਵਾਰਤਕ ਬਹੁਤ ਹੀ ਮਾਂਦੀ ਹੈ। ਲੇਖਕ ਕਾਫੀ ਸ਼ਰਧਾਵਾਨ ਪ੍ਰਤੀਕ ਹੁੰਦੇ ਹਨ ।

ਅਠਾਰ੍ਹਵੀ ਸਦੀ ਵਿੱਚ ਪੰਜਾਬੀ ਵਾਰਤਕ ਨੇ ਫਾਰਸੀ ਦਾ ਪ੍ਰਭਾਵ ਵਧੇਰੇ ਕਬੂਲ ਕੀਤਾ । ਭਾਵੇ ਇਹ ਕਾਲ ਤੋਟਾਂ ਤੇ ਜੁਗ-ਗਰਦੀਆਂ ਦਾ ਸੀ ਫੇਰ ਵੀ ਇਸ ਵਿਚ ਜਿਥੇ ਪੰਜਾਬੀਆਂ ਨੇ ਤਿੰਨ ਮਹਾਨ ਕਵੀ ਵਾਰਿਸ, ਬੁਲ੍ਹੇ ਸ਼ਾਹ ਤੇ ਨਜ਼ਾਬਤ ਪੈਦਾ ਕੀਤੇ, ਉਥੇ ਵਾਰਤਕ ਖੇਤਰ ਵਿਚ ਵੀ ਭਾਈ ਮਨੀ ਸਿੰਘ, ਅੱਡਣ ਸ਼ਾਹ ਵਰਗੇ ਵਰਗੇ ਉੱਘੇ ਵਾਰਤਕ ਲੇਖਕ ਹੋਏ ਹਨ। ਪ੍ਰੇਮ ਸੁਮਾਰਕ ਇਸੇ ਕਾਲ ਦੀ ਇਕ ਅਦੁਤੀ ਰਚਨਾ ਹੈ। ਰਹਿਤਨਾਮੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਸਾਜਣ ਤੋਂ ਬਾਅਦ ਸਿੱਖੀ ਰਹਿਤ-ਮਰਯਾਦਾ ਨੂੰ ਲਿਖਤੀ ਰੂਪ ਵਿਚ ਪੇਸ਼ ਕਰਨ ਲਈ ਹੋਂਦ ਵਿਚ ਆਏ। ਇਸ ਕਾਲ ਦੀ ਵਾਰਤਕ ਦਾ ਵਿਸ਼ਾ ਖੇਤਰ ਵਿਸ਼ਾਲ ਸੀ । ਰੂਪ ਪੱਖੋਂ ਵੀ ਕਾਫੀ ਅਗੇ ਸੀ । ਇਸ ਕਾਲ ਨੂੰ ਡਾਕਟਰ ਤਰਲੋਚਰਨ ਸਿੰਘ ਬੇਦੀ ਨੇ "ਸਾਖੀ ਪ੍ਰਧਾਨਾ" ਕਾਲ ਕਿਹਾ ਹੈ। ਇਸ ਕਾਲ ਵਿਚ ਗੁਰੂ ਵਿਅਕਤੀਆਂ ਤੋਂ ਬਿਨਾਂ ਅਨੇਕਾਂ ਭਗਤਾਂ,ਫਕੀਰਾਂ ਤੇ ਸਾਧੂ ਸੰਤਾਂ ਸੰਬੰਧੀ ਵੀ ਸਾਖੀਆਂ ਲਿਖੀਆਂ ਗਈਆਂ । ਇਸ ਕਾਲ ਦੇ ਬਜੁਰਗ ਲੇਖਕ ਭਾਸ਼ਾ ਤੇ ਵਿਅਕਤੀਆਂ ਦੇ ਝਗੜੇ ਤੋਂ ਦੂਰ ਸਨ । ਇਸ ਕਾਲ ਵਿੱਚ ਹਾਲੀ ਬੋਲੀ ਦਾ ਠੁੱਕ ਨਹੀ ਸੀ ਬੱਝਾ। ਵਾਰਤਕ ਉੱਤੇ ਫਾਰਸੀ ਬੋਲੀ ਤੇ ਸਾਹਿਤ ਦਾ ਬਹੁਤਾ ਪ੍ਰਭਾਵ ਪਿਆ ।ਸ਼ੈਲੀ ਪੱਖੋਂ ਕੁਝ ਕੁ ਵਿਕਾਸ ਹੋਇਆ ।ਬਿਰਤਾਂਤਕ ਸ਼ੈਲੀ ਦੀ ਥਾਂ ਵਿਆਖਿਆਮਈ ਸ਼ੈਲੀ ਦੀ ਪ੍ਰਧਾਨਤਾ ਹੋ ਗਈ । ਇਸ ਕਾਲ ਵਿੱਚ ਵਿਸ਼ੇ ਬੋਲੀ ਸ਼ੈਲੀ ਦੇ ਪਖੋਂ ਪੰਜਾਬੀ ਵਾਰਤਕ ਦੂਜੇ ਪੜਾਅ ਵਿਚ ਪ੍ਰਵੇਸ ਕਰਦੀ ਹੈ।

ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਪੰਜਾਬ ਦੀ ਵੰਡ ਹੋ ਗਈ। ਮਹਾਰਾਜਾ ਰਣਜੀਤ ਸਿੰਘ ਦੇ ਸਮੇ ਪੰਜਾਬੀ ਵਿਚ ਹਾਸ਼ਮ ਦੇ ਦੋਹੜਿਆਂ ਜਾਂ ਸ਼ਾਹ ਮੁਹੰਮਦ ਦੇ ਕਿੱਸੇ ਨੇ ਕਵਿਤਾ ਨੂੰ ਉੱਚੀ ਥਾਂ ਦਿਤੀ। ਪਰ ਵਾਰਤਕ ਦੇ ਪਖੋਂ ਇਸ ਕਾਲ ਦੀ ਕੋਈ

ਖ਼ਾਸ ਪ੍ਰਾਪਤੀ ਨਹੀ। ਉਨ੍ਹੀਵੀਂ ਸਦੀ ਦੇ ਆਰੰਭ ਵਿਚ ਇਸਾਈ ਮਿਸ਼ਨਰੀਆਂ ਨੇ ਆਪਣਾ ਪ੍ਰਚਾਰ ਦਾ ਮਾਧਿਅਮ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਨੂੰ ਬਣਾਇਆ । ਇਸ ਨਾਲ ਪੰਜਾਬੀ ਭਾਸ਼ਾ ਦੇ ਹਾਲਾਤ ਪੈਦਾ ਹੋਏ।

ਉੱਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਪੰਜਾਬੀ ਵਾਰਤਕ ਦੀ ਉਪਜ ਅਤੇ ਪਰਸਾਰ ਲਈ ਬਹੁਤ ਸਾਧਨ ਸਨ । ਪੰਜਾਬੀਆਂ ਲਈ 'ਗੁਰਮੁਖੀ' 'ਖਾਲਸਾ' ਆਦਿ ਪੱਤਰ ਨਿਕਲਣੇ ਸ਼ੁਰੂ ਹੋਏ। ਪੰਜਾਬੀ ਬਾਤ-ਚੀਤ ਅਧੁਨਿਕ ਪੰਜਾਬੀ ਵਾਰਤਕ ਦਾ ਪਹਿਲਾ ਸਹੀ ਨਮੂਨਾ ਆਖੀ ਜਾ ਸਕਦੀ ਹੈ। ਇਸ ਵੇਲੇ ਦੇ ਪ੍ਰਸਿੱਧ ਵਾਰਤਕ ਲੇਖਕ ਹਨ ਪੰਡਿਤ ਸ਼ਰਧਾ ਰਾਮ ਫਲੌਰੀ, ਬਿਹਾਰੀ ਲਾਲ ਪੁਰੀ ਅਤੇ ਡਾਕਟਰ ਚਰਨ ਸਿੰਘ। ਇਨ੍ਹਾਂ ਤੋਂ ਇਲਾਵਾ ਗਿਆਨੀ ਦਿੱਤ ਸਿੰਘ,ਵਾਰਤਕ ਲੇਖਕ ਹਨ ਪੰਡਿਤ ਸ਼ਰਧਾ ਰਾਮ ਫਲੌਰੀ, ਬਿਹਾਰੀ ਲਾਲ ਪੁਰੀ ਅਤੇ ਡਾਕਟਰ ਚਰਨ ਸਿੰਘ। ਇਨ੍ਹਾਂ ਤੋਂ ਇਲਾਵਾ ਗਿਆਨੀ ਦਿੱਤ ਸਿੰਘ, ਸੰਤ ਹਜ਼ਾਰਾ ਸਿੰਘ , ਪ੍ਰੋ: ਗੁਰਮੁਖ ਸਿੰਘ ਨੇ ਵੀ ਥੋੜੀ ਬਹੁਤ ਵਾਰਤਕ ਰਚਨਾ ਕੀਤੀ । ਡਾ. ਵਿਲੀਅਮ ਕੈਰੀ ਅਤੇ ਜੌਹਨ ਨਿਊਟਨ ਨੇ ਵੀ ਆਧੁਨਿਕ ਵਾਰਤਕ ਦੇ ਜਨਮ ਲਈ ਜ਼ਮੀਨ ਤਿਆਰ ਕੀਤੀ। ਇਸੇ ਕਾਲ ਵਿੱਚ ਵਾਰਤਕ ਦੇ ਨਵੇ ਰੂਪ ਹੋਂਦ ਵਿਚ ਆਏ । 1931 ਤੋਂ 1947 ਤਕ ਦੇ ਉਘੇ ਵਾਰਤਕ ਲੇਖਕ ਹਨ : ਪ੍ਰੋ. ਪੂਰਨ ਸਿੰਘ , ਡਾ. ਮੋਹਨ ਸਿੰਘ , ਪ੍ਰਿੰਸੀਪਲ ਤੇਜਾ ਸਿੰਘ, ਡਾ. ਗੋਪਾਲ ਸਿੰਘ , ਸੁਰਿੰਦਰ ਸਿੰਘ ਨਰੂਲਾ ,ਸ.ਸ. ਅਮੋਲ , ਹੀਰਾ ਸਿੰਘ ਦਰਦ ਆਦਿ।

ਸੁਤੰਤਰ ਤੌਰ ਤੇ ਪੰਜਾਬੀ ਸੱਭਿਆਚਾਰ,ਇਤਿਹਾਸ ਅਤੇ ਸਾਡੀਆਂ ਬਹੁ-ਪੱਖੀ ਪਰੰਪਰਾਵਾਂ ਬਾਰੇ ਵਿਗਆਿਨਕ ਤੋਰ ਤੇ ਲਿਖਣ ਦੀ ਰੀਤ ਵੀਹਵੀਂ ਸਦੀ ਤੋਂ ਹੀ ਟੁਰਦੀ ਹੈ। ਇਸ ਕਾਲ ਵਿੱਚ ਪੰਜਾਬੀ ਭਾਸ਼ਾ ਦੀ ਸਿਖਲਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਪੰਜਾਬੀ ਵਿਚ ਹਲਕੇ-ਫੁਲਕੇ ਹਾਸ-ਰਸ ਭਰਪੂਰ ਵਿਅੰਗਾਤਮਕ ਨਿਬੰਧ ਲਿਖਣ ਦੀ ਪਰੰਪਰਾ ਵੀਹਵੀਂ ਸਦੀ ਦੀ ਦੇਣ ਹੈ । ਇਸ ਪਰੰਪਰਾ ਦੇ ਬਹੁਤੇ ਗੱਦ- ਲੇਖਕ ਮੁਢਲੇ ਰੂਪ ਵਿਚ ਪੱਤਰਕਾਰ ਹੀ ਹਨ । ਜਿਨ੍ਹਾਂ ਨੇ ਮਨੁੱਖੀ - ਜੀਵਨ ਵਿਚ ਹਾਸ-ਰਸ ਦੇ ਮੱਹਤਵ ਨੂੰ ਪਹਿਚਾਣ ਕੈ ਇਸ ਨੂੰ ਅਪਾਣੀ ਲਿਖਤ ਦਾ ਹਿੱਸਾ ਬਣਾਇਆ । ਇਸ ਪਾਸੇ ਵਲ ਸ:ਗੁਰਨਾਮ ਸਿੰਘ ਤੀਰ , ਸ.ਮੁਬਾਰਕ ਸਿੰਘ ਨੇ ਵਿਵੇਸ਼ ਧਿਆਨ ਦਿੱਤਾ । ਵੀਹਵੀਂ ਸਦੀ ਵਿੱਚ ਹੀ ਜੀਵਨੀ - ਸਾਹਿਤ ਦੀ ਇਕ ਲੰਮੀ ਪਰੰਪਰਾ ਚਲਦੀ ਹੈ।ਇਸ ਦੇ ਅੰਤਰਗਤ ਜੀਵਨੀ, ਸਵੈ-ਜੀਵਨੀ ,ਸਫਰਨਾਮਾ , ਡਾਇਰੀ ਰੇਖਾ ਚਿੱਤਰ ਆਦਿ ਨਵੀਨ ਗੱਦ ਵੰਨਗੀਆਂ ਆਉਂਦੀਆਂ ਹਨ।

ਉਪਰੋਕਤ ਸਾਮਗਰੀ ਨੂੰ ਪਿਛਕੋੜ ਵਿੱਚ ਰੱਖ ਕੇ ਪੰਜਾਬੀ ਵਾਰਤਕ ਵਿੱਚ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਦਾ ਜੋ ਸਥਾਨ ਹੈ ਤੇ ਲੇਖਕ ਨੇ ਜਿਹੜੀਆਂ ਵਿਵੇਸ਼ ਗੱਲਾਂ ਗਦ-ਪਰੰਪਰਾ ਨਾਲ ਜੋੜੀਆਂ,ਉਹਨਾਂ ਦਾ ਵਰਣਨ ਇਸ ਤਰ੍ਹਾਂ ਹੈ।

ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਪ੍ਰਸਿੱਧੀ ਅਸਲ ਵਿੱਚ ਸਾਹਿਤ ਜਗਤ ਵਿੱਚ ਇਕ ਕਵੀ ਦੇ ਤੌਰ ਤੇ ਹੈ।ਸਾਹਿਤ ਪ੍ਰੇਮੀ ਤੇ ਹੋਰ ਲੋਕ ਇਨ੍ਹਾਂ ਦੇ ਜੀਵਨ ਤਜਰਿਬਆਂ ਤੇ ਇਨ੍ਹਾਂ ਦੀ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਪ੍ਰਤੀ ਘਾਲਣਾ ਤੋਂ ਬਿਲਕੁਲ ਹੀ ਅਛੋਹ ਹਨ । ਡਾ. ਦੀਵਾਨ ਸਿੰਘ ਕਾਲੇਪਾਣੀ ਅੰਡੇਮਾਨ ,ਨਿਕੋਬਾਰ ਵਿਚ ਇਕ ਡਾਕਟਰ ਦੀ ਹੈਸੀਅਤ ਵਜੋ ਗਏ ਤੇ ਉਥੋਂ ਦੇ ਮਜ਼ਬੂਰ ਲੋਕਾਂ ਦੀ ਜੀਅ-ਜਾਨ ਨਾਲ ਸੇਵਾ ਕੀਤੀ । ਅਪਾਣੇ ਪਰਿਵਾਰਕ ਸੁਖਾਂ ਤੋਂ ਬੈਖਬਰ ,ਉਨਾਂ ਦੇ ਲੋਕ ਜੀਵਨ ਖੁਸ਼ਹਾਲ ਬਣਾਏ ਉਨ੍ਹਾਂ ਵਿੱਚ ਨਵੀਂ ਰੂਹ , ਨਵਾਂ ਖੇੜਾ ਭਰਿਆ , ਜਿਸ ਸਦਕਾ ਅੱਜ ਵੀ ਉਥੋਂ ਦੇ ਲੋਕਾਂ ਡਾ.

ਦੀਵਾਨ ਸਿੰਘ ਨੂੰ ਉਹ ਸਤਿਕਾਰ ਦਿੰਦੇ ਹਨ ਜੋ ਅਸੀਂ ਪੰਜਾਬੀ ਨਹੀਂ ਦੇ ਸਕੇ । ਕਿਸੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਨਾਂ ਇਕ ਵਾਰਤਕਕਾਰ ਦੇ ਤੌਰ ਤੇ ਨਹੀਂ ਆਇਆ।ਅੰਡੇਮਾਨ ਨਿਕੋਬਾਰ ਟਾਪੂਆਂ ਦੇ ਲੋਕਾਂ ਦੀਆਂ ਅੱਜ ਵੀ ਉਸ ਮਹਾਨ ਸ਼ਖ਼ਸੀਅਤ ਦੀ ਯਾਦ ਵਿਚ ਅੱਖਾਂ ਭਿੱਜ ਜਾਦੀਂਆਂ ਹਨ ਤੇ ਉਨ੍ਹਾਂ ਦੇ ਅੰਤਿਮ ਦਿਨਾਂ ਦੀ ਯਾਦ ਰੌਂਗਟੈ ਖੜ੍ਹੇ ਕਰ ਦਿੰਦੀ ਹੈ।

ਡਾ. ਦੀਵਾਨ ਸਿੰਘ 'ਕਾਲੇਪਾਣੀ' ਸਾਹਿਤ ਜਗਤ ਵਿੱਚ ਅਜਿਹੀ ਸ਼ਖ਼ਸੀਅਤ ਹੈ ਜਿਸ ਨੂੰ ਪੰਜਾਬੀ ਜਗਤ ਵਿੱਚ ਉਹ ਗੌਰਵਮਈ ਸਥਾਨ ਪ੍ਰਪਾਤ ਨਹੀਂ ਹੋਇਆ ਜੋ ਹੋਣਾ ਚਾਹਿਦਾ ਸੀ । ਅਸਲ ਵਿੱਚ ਦੀਵਾਨ ਸਿੰਘ ਇਕੀਵੀ ਸੀ ਤੇ ਕਵੀ ਦੇ ਤੌਰ ਤੇ ਹੀ ਜਾਣਿਆ ਜਾਂਦਾ ਰਿਹਾ । ਵਾਰਤਕ ਖੇਤਰ ਵਿਚ ਭਾਵੇਂ ਇਨ੍ਹਾਂ ਦਾ ਯਤਨ ਕਾਫੀ ਹੈ, ਪਰ ਜਦੋਂ ਤਕ ਪੁਸਤਕ 'ਸਹਿਜ ਸੰਚਾਰ ਪਾਠਕਾਂ ਦੇ ਦ੍ਰਿਸ਼ਟੀਗੋਚਰ ਨਹੀਂ ਹੋਈ , ਇਨ੍ਹਾਂ ਦੀ ਵਾਰਤਕ ਬਾਰੇ ਪਾਠਕਾਂ ਦਾ ਗਿਆਨ ਅਲਪ ਹੀ ਰਿਹਾ। ਇਕ ਕਵੀ ਦੇ ਤੌਰ ਤੇ ਉਨ੍ਹਾਂ ਦੀਆਂ ਰਚਨਾਵਾਂ 'ਮੌਜੀ ' ,'ਪ੍ਰੀਤਮ' ਆਦਿ ਰਸਾਨਿਆਂ ਵਿਚ ਛਪਦੀਆਂ ਰਹੀਆਂ । ਦੀਵਾਨ ਸਿੰਘ ਨੇ ਇੱਕ ਪੰਜਾਬੀ ਸਟੱਡੀ ਸਰਕਲ ਕਾਇਮ ਕੀਤਾ ਹੋਇਆ ਸੀ। ਹਰ ਹਫਤੇ ਦੋਸਤਾਂ ਦੀ ਮਹਿਫਿਲ ਜਮਦੀ , ਮੌਜੀ, ਪ੍ਰੀਤਮ ,ਪ੍ਰੀਤਲੜੀ, ਕਵੀ, ਕਲਕੱਤਾ ਫੁਲਵਾੜੀ ਅਤੇ ਹੋਰ ਰਸਾਨਿਆਂ ਉਪਰ ਛਪੀਆਂ ਹੋਇਆਂ ਰਚਨਾਵਾਂ ਹੀ ਚਰਚਾ ਦਾ ਵਿਸ਼ਾ ਹੁੰਦਾ।

ਡਾ. ਦੀਵਾਨ ਸਿੰਘ 'ਕਾਲੇਪਾਣੀ' ਉਨ੍ਹਾਂ ਚਿੰਤਨਸ਼ੀਲ ਗੱਦ-ਲੇਖਕਾਂ ਵਿਚੋਂ ਇਕ ਸੀ, ਜਿਨ੍ਹਾਂ ਦੀ ਦ੍ਰਿਸ਼ਟੀ ਵਿੱਚ ਗੁਰਮਤਿ ਦੀ ਸਹੀ ਵਿਆਖਿਆ ਕੀਤੀ ਹੈ। ਅਜਿਹਾ ਦ੍ਰਿਸ਼ਟੀਕੌਣ ਵਿਕਸਿਤ ਹੋਣ ਦੇ ਵਿਸ਼ੇਸ਼ ਕਾਰਣ ਹਨ। ਲੇਖਕ ਨੇ ਅਸਲ ਵਿਚ ਗੁਰਮਿਤ-ਆਸ਼ੇ ਨਾਲ ਸੰਬੰਧਿਤ ਮੂਲ-ਸ੍ਰੋਤਾਂ ਦਾ ਅਧਿਐਨ ਕੀਤਾ। ਡਾ. ਦੀਵਾਨ ਸਿੰਘ ਦੀ ਵਾਰਤਕ ਵਿੱਚ ਜੋ ਲਿਖਤਾਂ ਸ਼ਾਮਿਲ ਹਨ, ਉਨ੍ਹਾਂ ਨੂੰ ਮੁੱਖ ਰੂਪ ਵਿਚ ਚਾਰ ਹਿੱਸਿਆ ਵਿੱਚ ਵੰਡਿਆ ਜਾ ਸਕਦਾ ਹੈ ।ਲੇਖਕ ਨੇ ਆਪਣੀ ਵਾਰਤਕ ਵਿੱਚ ਗੰਭੀਰ ਵਿਸ਼ਿਆਂ ਦਾ ਪ੍ਰਤਿਪਾਨ, ਗੰਭੀਰ ਦ੍ਰਿਸ਼ਟੀ ਨਾਲ ਕੀਤਾ ਹੈ। ਆਮ ਤੌਰ ਤੇ ਲੇਖਕ ਦੇ ਕਲਾਵੇ ਵਿਚ ਅਜਿਹੇ ਵਿਸ਼ੇ ਆਉਦੇ ਹਨ ਜਿਨ੍ਹਾਂ ਦਾ ਸੰਬੰਧ ਧਰਮ, ਅਧਿਆਤਮਕ ਕੀਮਤਾਂ,ਕਲਾ ਸਾਹਿਤ , ਨੈਤਿਕਤਾ ਆਦਿ ਨਾਲ ਹੈ। ਲੇਖਕ ਨੇ ਇਨ੍ਹਾਂ ਵਿਸ਼ਿਆਂ ਨੂੰ ਡੂੰਘੇ ਖੋਜ਼ ਅਤੇ ਤਰਕ ਨਾਲ ਪ੍ਰਸਤੁਤ ਕੀਤਾ ਹੈ।

ਘਰੇਲੂ ਵਾਯੂਮੰਡਲ ਦੇ ਅਸਰ ਹੇਠ. ਦੀਵਾਨ ਸਿੰਘ ਨੇ ਇਸ ਪੁਸਤਕ ਦੇ ਪਹਿਲੇ ਹਿੱਸੇ ਵਿਚ ਜੋ ਲੇਖ ਲਿਖੇ ਹਨ ,ਉਹ ਧਰਮ ਨਾਲ ਸੰਬੰਧਿਤ ਹਨ । ਲੇਖਕ ਦਾ ਜਨਮ ਇਕ ਗੁਰਮੁਖ ਪਰਿਵਾਰ ਵਿੱਚ ਹੋਇਆ ਤੇ ਇਸ ਉਤੇ ਗੁਰਬਾਣੀ ਦਾ ਪੂਰਾ ਅਸਰ ਸੀ। ਪੈਸੇ ਵਲੋਂ ਇੱਕ ਰੁਝਿਆ ਹੋਇਆ ਡਾਕਟਰ ਹੋਣ ਦੇ ਬਾਵਜੂਦ ਵੀ ਲੇਖਕ ਭਾਵਾਤਮਕ ਧਾਰਮਿਕ ਵਿਸ਼ਿਆਂ ਦਾ ਨਿਰੂਪਣ ਕਰਦਾ ਹੈ।ਲੇਖਕ ਧਰਮ ਅਧਿਆਤਮਕ - ਕੀਮਤਾਂ ਸੰਬੰਧੀ ਸਮਵਿਆਵਾ ਦਾ ਸਮਾਧਾਨ ਕੀਤਾ ਹੈ। ਅਜਿਹੇ ਬਿਆਨ ਦਾ ਅਧਿਐਨ ਕਰਕੇ ਪਾਠਕ ਮਹਿਸੂਸ ਕਰਦਾ ਹੈ ਕਿ ਗੁਰਬਾਣੀ ਅਤੇ ਗੁਰਮਿਤ ਸਾਹਿਤ ਨਾਲ ਲੈ ਖਕ ਨੂੰ ਅਟੁੱਟ ਪਿਆਰ ਸੀ ।

ਦੀਵਾਨ ਸਿੰਘ ਦੀ ਵਾਰਤਕ ਵਿਚ ਕੁਝ ਰਿਹੋ ਜਿਹੇ ਲੇਖ ਵੀ ਹਨ ਜਿਨ੍ਹਾਂ ਵਿੱਚ ਰਾਸ਼ਟਰੀ ਬਣਤਰ ਨੂੰ ਭਾਸ਼ਾ ਪਖੋਂ ਵਿਚਾਰਿਆ ਗਿਆ ਹੈ। ਲੇਖਕ ਉਤੇ ਆਜ਼ਾਦੀ ਅੰਦੋਲਨ ਦਾ ਪ੍ਰੇਰਨਾਮਈ ਪ੍ਰਭਾਵ ਸੀ। ਇਨ੍ਹਾਂ ਲੇਖਾਂ ਵਿੱਚ ਲੇਖਕ ਨੇ ਨਿਰੋਲ ਪੱਖਪਾਤੀ ਦ੍ਰਿਸ਼ਟੀਕੌਣ ਵਰਤਿਆ ਹੈ।

ਅਪਾਣੇ ਸਮਕਾਲੀ ਲੇਖਕਾਂ ਦੀਆਂ ਕਿਰਤਾਂ ਦੀ ਭਰਪੂਰ ਆਲੋਚਨਾ ਨੂੰ ਲੇਖਕ ਨੇ ਆਪਣੀ ਵਾਰਤਕ ਵਿੱਚ ਸਮੋਇਆ ਹੈ। ਦੀਵਾਨ ਸਿੰਘ ਨੇ ਆਪਣੇ ਵਿਸ਼ਾਲ ਅਧਿਐਨ ਦੇ ਪ੍ਰਭਾਵ ਅਧੀਨ ਸਾਹਿਤ ਨੂੰ ਬੜੀ ਦਿਸ਼-ਦਿਸ਼੍ਰਟੀ ਨਾਲ ਵਿਚਾਰਿਆ ਤੇ ਪਰਖਿਆ ਹੈ। ਆਲੋਚਨਾ ਅਧੀਨ ਲੋਖਕਾਂ ਦੀ ਸਾਹਿਤ ਪ੍ਰਤੀ ਸੇਵਾ ਦੀ ਭਰਪੂਰ ਸ਼ਲਾਘਾ ਵੀ ਕੀਤੀ ਹੈ।ਇਸ ਪੁਸਤਕ ਦੀ ਪ੍ਰਕਾਸ਼ਨਾਂ ਪਿਛੋਂ ਲੇਖਕ ਨੂੰ ਵਾਰਤਕ ਜਗਤ ਵਿੱਚ ਜ਼ਰੂਰ ਵਿਸ਼ੇਸ਼ ਸਥਾਨ ਪ੍ਰਾਪਤ ਹੋਇਆ ਹੋਵੇਗਾ।

ਲੇਖਕ ਨੇ ਲਿੰਮ੍ਹੇ -ਨਿੰਮ੍ਹੇ ਹਾਸੇ ਨੂੰ ਖਲਰਾਦੇ ਲੈਖ ਵੀ ਪੰਜਾਬੀ ਵਾਰਤਕ ਨੂੰ ਦਿੱਤੇ ਹਨ। ਇਨ੍ਹਾਂ ਨਿੱਕੇ ਨਿੱਕੇ ਨਿਬੰਧਾਂ ਵਿੱਚ ਰੁਝੇਵੇਂ ਭਰਪੂਰ ਜ਼ਿੰਦਗੀ ਨੂੰ ਹਲਕਾ ਕਰਨ ਦਾ ਮਸਾਲਾ ਹੈ। ਇਨ੍ਹਾਂ ਵਿੱਚ ਕਿਸੇ ਕਿਸਮ ਦੀ ਸਿਖਿਆ ਤਾਂ ਭਾਵੇਂ ਨਹੀਂ : ਪਰ ਫੇਰ ਵੀ ਗਿਆਨ-ਵਰਧਕ ਜ਼ਰੂਰ ਹਨ।

ਸੋ ਇਨ੍ਹਾਂ ਲੇਖਾਂ ਰਾਹੀਂ ਲੇਖਕ ਨੇ ਪੰਜਾਬੀ ਗਦ - ਪਰਪੰਰਾ ਨੂੰ ਸਰਬ-ਪੱਖੀ ਵਿਸ਼ੇ ਦਿੱਤੇ ਹਨ । ਲੇਖਕ ਦਾ ਲਿਖਣ ਦਾ ਬਹੁਤ ਹੀ ਵਿਲੱਖਣ ਅੰਦਾਜ਼ ਹੈ ਅਤੇ ਲੇਖਕ ਨੇ ਇਨ੍ਹਾਂ ਲੇਖਾਂ ਦਾ ਪ੍ਰਸਤੁਤੀਕਰਨ, ਵਿਆਖਿਆ ਬਹੁਤ ਹੀ ਨਵੇਕਲੇ ਰੂਪ ਵਿੱਚ ਕੀਤੀ ਹੈ। ਇਸ ਦੀ ਗੱਦ-ਸ਼ੈਲੀ ਦੀ ਅਸਲ ਵਚਿੱਤਰਤਾ ਇਹ ਹੈ ਕਿ ਨਿਰੋਲ ਭਾਵਾਤਮਕ ਵਿਸ਼ਿਆ ਦਾ ਪ੍ਰਤਿਪਦਾਨ ਦਲੀਲ ਦੀ ਕਸੌਟੀ ਤੋ ਕੀਤਾ ਹੈ।ਲੇਖਕ ਦੀ ਵਾਰਤਕ ਮੂਲ ਬ੍ਰਿਤੀ ਵਿੱਚ ਪ੍ਰਚਾਰਤਮਕ ਹੋ ਕੈ ਵੀ ਖੁਲ੍ਹੀ ਲਗਦੀ ਹੈ। ਲੇਖਕ ਦੀ ਗਦ -ਰਚਨਾ ਦਸ ਸੁਆਦ ਉਹ ਪਾਠਕ ਵੀ ਲੈਂਦੇ ਹਨ ਜਿਨ੍ਹਾਂ ਨੂੰ ਧਰਮ ਅਤੇ ਅਧਿਆਤਮ ਵਿੱਚ ਕੋਈ ਦਿਲਚਸਪੀ ਨਹੀ । ਇਸ ਦਾ ਮੁੱਖ ਕਾਰਣ ਲੇਖਕ ਦਾ ਸੰਤੁਲਿਤ ਦ੍ਰਿਸ਼ਟੀਕੌਣ ਹੈ। ਸਿੱਖ ਸੰਪ੍ਰਦਾਇ ਦੈ ਆਸ਼ਿਆਂ ਨੂੰ ਲੇਖਕ ਕੌਮਾਂਤਰੀ ਪੱਧਰ ਉਤੇ ਪ੍ਰਸਤੁਤ ਕਰਨ ਵਿੱਚ ਸਫਲ ਹੋਇਆ ਹੈ । ਇਹੀ ਕਾਰਣ ਹੈ ਕਿ ਦੀਵਾਣ ਸਿੰਘ ਦੀ ਵਾਰਤਕ ਵਿਚ ਸਰਬ-ਸਾਂਝਾ ਰੰਗ ਉਘੜਿਆ ਹੈ । ਇਸ ਦ੍ਰਿਸ਼ਟੀ ਤੋਂ ਲੇਖਕ ਦੀ ਪੰਜਾਬੀ ਵਾਰਤਕ ਨੂੰ ਇੱਕ ਬਹੁਤ ਹੀ ਸ਼ਲਾਘਾਯੋਗ ਦੇਣ ਹੈ ।

## ਸਹਾਇਕ ਪੁਸਤਕ -ਸੂਚੀ

1। ਹਰਚਰਨ ਸਿੰਘ (ਡਾ:) ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ

2। ਪਰਮਿੰਦਰ ਸਿੰਘ :ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ , ਗੋਬਿੰਦ ਸਿੰਘ ਲਾਂਬਾ ਲਾਹੋਰ, ਬੁੱਕ ਸ਼ਾਪ, ਲੁਧਿਆਣਾ ।

3। ਸਤਿੰਦਰ ਸਿੰਘ : ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ

4। ਸੂਬਾ ਸਿੰਘ: ਦੀਵਾਨ ਸਿੰਘ ਕਾਲੇਪਾਣੀ ਪਬਲੀਕੈਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ,ਪਟਿਆਲਾ,।

5. ਸੰਤ ਸਿੰਘ ਸੇਖੋ(ਪ੍ਰਿੰ:) : ਸਾਹਿਤਾਰਥਨਾਹੌਰ ਬੁੱਕ ਸ਼ਾਪ, ਲੁਧਿਆਣਾ ।